**ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ**
**ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ,ਪੰਜਾਬ,**
**ਐਸ. ਸੀ. ਓ ਨੰ. 104-106, ਸੈਕਟਰ 34 ਏ, ਚੰਡੀਗੜ੍ਹ**

ਸੇਵਾ ਵਿਖੇ

1. ਰਾਜ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.)
2. ਰਾਜ ਦੇ ਸਮੂਹ ਸਕੂਲ ਮੁੱਖੀ (ਵੈੱਬ ਸਾਈਟ ਰਾਹੀਂ)

ਮੀਮੋ ਨੰ ਆਈਸੀਟੀ/1/2/09//ਜਨਰਲ/25017-036
ਮਿਤੀ ਚੰਡੀਗੜ੍ਹ 15 ਫਰਵਰੀ, 2010

**ਵਿਸ਼ਾ** **ਗਿਆਰਵੀਂ ਅਤੇ ਬਾਰ੍ਹਵੀਂ ਜਮਾਤ ਵਿੱਚ ਪੜ੍ਹਣ ਵਾਲੇ ਵਿਦਿਆਰਥੀਆਂ ਲਈ ਡਿਪਲੋਮਾ ਇਨ ਆਈ.ਟੀ. ਦਾ ਸਰਟੀਫਿਕੇਟ ਅਵਾਰਡ ਕਰਨ ਬਾਰੇ ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ ।

2.0 ਆਪ ਜੀ ਨੂੰ ਪਤਾ ਹੋਵੇਗਾ ਕਿ ਇਸ ਸਮੇਂ ਪੰਜਾਬ ਰਾਜ ਦੇ ਵੱਖ-ਵੱਖ ਸਰਕਾਰੀ ਸਕੂਲਾਂ ਦੇ ਵਿੱਚ ਪੜ੍ਹਨ ਵਾਲੇ ਗਿਆਰਵੀਂ ਅਤੇ ਬਾਰ੍ਹਵੀਂ ਕਲਾਸਾਂ ਦੇ ਵਿਦਿਆਰਥੀਆਂ ਦਾ ਪੱਧਰ ਇੱਕੋ ਜਿਹਾ ਨਹੀਂ ਹੈ । ਕਈ ਹੁਸ਼ਿਆਰ ਵਿਦਿਆਰਥੀ ਆਪਣੀ ਉਚੇਰੀ ਸਿੱਖਿਆ ਲਈ ਇੰਜੀਨੀਅਰਿੰਗ, ਮੈਡੀਕਲ ਜਾਂ ਇਹੋ ਜਿਹੇ ਹੋਰ ਕੋਰਸਾਂ ਲਈ ਚਲੇ ਜਾਂਦੇ ਹਨ ਪਰੰਤੂ ਔਸਤ ਦਰਜ਼ੇ ਦੇ ਵਿਦਿਆਰਥੀਆਂ ਲਈ ਬਾਅਦ ਵਿੱਚ ਕਾਫੀ ਦਿੱਕਤਾਂ ਪੇਸ਼ ਆਉਂਦੀਆਂ ਹਨ । ਇਹੋ ਜਿਹੇ ਵਿਦਿਆਰਥੀ ਆਪਣੀ ਗਰੈਜੂਏਸ਼ਨ ਪੂਰੀ ਕਰਨ ਤੋਂ ਬਾਅਦ ਨੌਕਰੀ ਲਈ ਜਾਂਦੇ ਹਨ ਤਾਂ ਉਨ੍ਹਾਂ ਵੱਲੋਂ ਕੋਈ ਵਿਸ਼ੇਸ਼ ਸਕਿਲ ਹਾਸਿਲ ਕੀਤੀ ਹੋਈ ਨਹੀਂ ਹੁੰਦੀ ਹੈ । ਇਹ ਮਾਮਲਾ ਸਰਕਾਰ ਵੱਲੋਂ ਘੋਖਿਆ ਗਿਆ ਹੈ ਅਤੇ ਮਹਿਸੂਸ ਕੀਤਾ ਗਿਆ ਹੈ ਕਿ ਪੰਜਾਬ ਰਾਜ ਦੇ ਬਹੁਤ ਸਕੂਲਾਂ ਵਿੱਚ ਕੰਪਿਊਟਰ ਲੈਬ ਮੌਜੂਦ ਹਨ ਅਤੇ ਕੰਪਿਊਟਰ ਅਧਿਆਪਕ ਭਰਤੀਂ ਕੀਤੇ ਗਏ ਹਨ । ਇਸ ਇਨਫਰਾਸਟਰਕਚਰ ਦੀ ਠੀਕ ਤਰੀਕੇ ਨਾਲ ਵਰਤੋਂ ਕੀਤੀ ਜਾਣੀ ਬਹੁਤ ਜ਼ਰੂਰੀ ਹੈ । ਇਸ ਸਬੰਧ ਵਿੱਚ ਸਰਕਾਰ ਵੱਲੋਂ ਫੈਸਲਾ ਲਿਆ ਗਿਆ ਹੈ ਕਿ ਗਿਆਰਵੀਂ ਅਤੇ ਬਾਰ੍ਹਵੀਂ ਕਲਾਸ ਵਿੱਚ ਪੜ੍ਹਨ ਵਾਲੇ ਵਿਦਿਆਰਥੀ ਜੋ ਕਿ ਸੰਚਾਰ ਤਕਨੋਲੋਜੀ ਦਾ ਡਿਪਲੋਮਾ ਲੈਣ ਦੇ ਇੱਛੁਕ ਹੋਣ, ਉਹ ਪੰਜਾਬ ਰਾਜ ਦੇ ਸਰਕਾਰੀ ਸਕੂਲਾਂ ਦੇ ਵਿੱਚ ਪੰਜਾਬ ਆਈ.ਸੀ.ਟੀ. ਸਿੱਖਿਆ ਸੋਸਾਇਟੀ

ਵੱਲੋਂ ਚਲਾਏ ਜਾ ਰਹੇ ਕੰਪਿਊਟਰ ਸਿੱਖਿਆ ਦੇ ਵਿਸ਼ੇ ਦੇ ਨਾਲ ਨਾਲ ਹੀ ਇਹ ਡਿਪਲੋਮਾ ਵੀ ਪ੍ਰਾਪਤ ਕਰ ਸਕਦੇ ਹਨ ।

3.0 ਇਹ ਸਹੂਲਤ ਸਾਲ 2010-11 ਦੇ ਅਕਾਦਮਿਕ ਸਾਲ ਤੋਂ ਉੱਪਲਬਧ ਹੋਵੇਗੀ । ਡਿਪਲੋਮਾ ਇਨ ਆਈ.ਟੀ. ਦਾ ਸਿਲੇਬਸ ਇਸ ਪੱਤਰ ਦੇ ਨਾਲ ਨੱਥੀ ਕੀਤਾ ਜਾਂਦਾ ਹੈ ਅਤੇ ਇਸ ਨੂੰ ਵਿਭਾਗ ਦੀ ਵੈੱਬ ਸਾਈਟ ਤੇ ਵੀ ਪਾ ਦਿੱਤਾ ਗਿਆ ਹੈ । ਡਿਪਲੋਮਾ ਇਨ ਆਈ.ਟੀ. ਪ੍ਰਾਪਤ ਕਰਨ ਵਾਲੇ ਉਮੀਦਵਾਰਾਂ ਤੋਂ ਇਸ ਛੇ ਮਹੀਨੇ ਦੇ ਕੋਰਸ ਲਈ 1,000/-ਰੁਪਏ ਦੇ ਹਿਸਾਬ ਨਾਲ ਫੀਸ ਲਈ ਜਾਵੇਗੀ । ਇਹ ਕੋਰਸ ਖਤਮ ਹੋਣ ਤੋਂ ਬਾਅਦ ਪੰਜਾਬ ਆਈ.ਸੀ.ਟੀ. ਸਿੱਖਿਆ ਸੋਸਾਇਟੀ ਵੱਲੋਂ ਇਕ ਪ੍ਰੀਖਿਆ ਕਰਵਾਈ ਜਾਵੇਗੀ ਅਤੇ ਇਸ ਪ੍ਰੀਖਿਆ ਵਿੱਚ ਪਾਸ ਹੋਣ ਵਾਲੇ ਉਮੀਦਵਾਰਾਂ ਨੂੰ ਹੀ ਇਹ ਡਿਪਲੋਮਾ ਸਰਟੀਫਿਕੇਟ ਦਿੱਤਾ ਜਾਵੇਗਾ । ਇਹ ਕੋਰਸ ਸਕੂਲ ਦੀ ਲੈਬ ਵਿੱਚ ਹੀ ਸਕੂਲ ਦੇ ਸਮੇਂ ਤੋਂ ਬਾਅਦ ਵਿਭਾਗ ਵੱਲੋਂ ਜਾਰੀ ਕੀਤੀਆ ਹਦਾਇਤਾਂ ਅਨੁਸਾਰ ਚਲਾਇਆ ਜਾਵੇਗਾ । ਜੋ ਕੰਪਿਊਟਰ ਅਧਿਆਪਕ ਇਸ ਕੋਰਸ ਦੀ ਪੜ੍ਹਾਈ ਕਰਵਾਉਣਗੇ, ਉਨ੍ਹਾਂ ਨੂੰ ਲੋੜੀਂਦਾ ਮਾਨ ਭੱਤਾ ਵੀ ਦਿੱਤਾ ਜਾਵੇਗਾ । ਇਹ ਕੋਰਸ 1.7.2010 ਤੋਂ 31.12.2010 ਤੀਕ ਪੰਜਾਬ ਰਾਜ ਦੇ ਸਾਰੇ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਉਪਲਬਧ ਹੋਵੇਗਾ ।

4.0 ਰਾਜ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫਸਰਾਂ ਅਤੇ ਸਕੂਲ ਮੁੱਖੀਆਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਸਰਕਾਰ ਵੱਲੋਂ ਲਏ ਗਏ ਇਸ ਫੈਸਲੇ ਦੀ ਜਾਣਕਾਰੀ ਗਿਆਰਵੀਂ ਅਤੇ ਬਾਰ੍ਹਵੀਂ ਕਲਾਸ ਦੇ ਵਿਦਿਆਰਥੀਆਂ ਨੂੰ ਮੁਹੱਈਆਂ ਕਰਵਾਉਣ । 30.4.2010 ਤੀਕ ਚਾਹਵਾਨ ਵਿਦਿਆਰਥੀਆਂ ਦੀ ਸੂਚੀ ਤਿਆਰ ਕਰਕੇਂ ਸਕੂਲ ਮੁੱਖੀ ਸਬੰਧਤ ਜ਼ਿਲ੍ਹਾਂ ਸਿੱਖਿਆ ਅਫਸਰ (ਸੈ.ਸਿ.) ਨੂੰ ਭੇਜਣਗੇ ਜੋ ਕਿ ਬਾਅਦ ਵਿੱਚ ਇਹ ਸੂਚਨਾ ਮੁੱਖ ਦਫਤਰ ਨੂੰ ਭੇਜੀ ਜਾਵੇਗੀ ।

5.0 ਇਹ ਪੱਤਰ ਸਰਕਾਰ ਦੀ ਪ੍ਰਵਾਨਗੀ ਨਾਲ ਜਾਰੀ ਕੀਤਾ ਜਾਂਦਾ ਹੈ ।

ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ

# ਪਿਕਟਸ ਵੱਲੋਂ ਤਿਆਰ ਕੀਤਾ  ਡਿਪਲੋਮਾ ਇਨ ਆਈ ਟੀ  (DIT) ਦਾ ਸਿਲੇਬਸ

| | | |
|---|---|---|
| ਇਨਫਰਮੇਸ਼ਨ ਟੈਕਨੋਲੋਜੀ ਵਿੱਚ ਡਿਪਲੋਮਾ, DIT | ਕੰਪਿਊਟਰ ਫੰਡਾਮੈਂਟਲਜ਼ | ਕੰਪਿਊਟਰ ਫੰਡਾਮੈਂਟਲਜ਼,<br>ਓਪਰੇਟਿੰਗ ਸਿਸਟਮ : ਐਸ- ਵਿੰਡੋਜ਼ |
| | ਐਮ ਐਸ- ਆਫਿਸ | ਐਮ ਐਸ-  ਵਰਡ,<br>ਐਮ ਐਸ- ਐਕਸਲ,<br>ਐਮ ਐਸ- ਪਾਵਰ ਪਵਾਇੰਟ |
| | ਐਮ ਐਸ- ਅਕਸੈਸ | ਡੀ ਬੀ ਐਮ ਐਸ ਕੰਨਸੈਪਟਸ, ਡਿਜਾਇਨ ਆਫ ਡਾਟਾਬੇਸ,<br>ਐਮ ਐਸ- ਅਕਸੈਸ ਦੀ ਪੂਰੀ ਜਾਣਕਾਰੀ |
| | ਕੰਨਸੈਪਟ ਆਫ ਨੈਟਵਰਕਿੰਗ | ਕੰਪਿਊਟਰ ਨੈਟਵਰਕਿੰਗ ਦੇ ਬਾਰੇ ਜਾਣਕਾਰੀ, ਵਿੰਡੋਜ 2000 ਜਾਂ ਹਾਇਰ |
| | ਵੈਬ ਡਿਵੈਲਪਮੈਂਟ | ਐਚ ਟੀ ਐਮ ਐਲ, ਫਰੰਟ ਪੇਜ ਪੇਜ ਅਤੇ ਡੀ  ਐਚ ਟੀ ਐਮ ਐਲ |
| | ਕੰਪਿਊਟਰ ਪ੍ਰੋਗਰਾਮਿੰਗ | ਪ੍ਰੋਗਰਾਮਿੰਗ ਦੇ ਬਾਰੇ ਜਾਣਕਾਰੀ ਅਤੇ  C Language ਵਿੱਚ ਪ੍ਰੋਗਰਾਮਿੰਗ |
| | ਪ੍ਰੋਜੈਕਟ ਵਰਕ (ਕੰਮ) | ਵੈਬ/ ਐਪਲੀਕੇਸਨ ਡਿਵੈਲਪਮੈਂਟ  ਐਮ ਐਸ- ਅਕਸੈਸ ਨੂੰ ਵਰਤ ਕੇ |
| | | ਕੰਪਿਊਟਰ ਤੇ 30 ਅੱਖਰ ਪ੍ਰਤਿ ਮਿੰਟ ਦੀ ਸਪੀਡ ਤੇ ਪੰਜਾਬੀ ਵਿੱਚ ਟਾਈਪ ਕਰਣਾ |
| | | ਕੰਪਿਊਟਰ ਤੇ 40 ਅੱਖਰ ਪ੍ਰਤਿ ਮਿੰਟ ਦੀ ਸਪੀਡ ਤੇ ਅੰਗਰੇਜੀ ਵਿੱਚ ਟਾਈਪ ਕਰਣਾ |